ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

## ...ਅਜਿਹੇ ਹਾਲਾਤਾਂ ਵਿੱਚ ਵਿਸਾਖੀ ਦੇ ਮੇਲੇ ਨਹੀਂ ਸ਼ੋਭਦੇ

ਵਿਸਾਖੀ ਦੇਸ਼ਾਂ-ਵਿਦੇਸ਼ਾਂ ਵਿਚ, ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਅਤੇ ਸਾਰੇ ਪੰਜਾਬ ਵਿਚ ਬਹੁਤ ਲੋਕਪ੍ਰਿਆ ਹੈ। ਬੇਸ਼ੱਕ ਹੋਰ ਕਈ ਤਿਉਹਾਰ ਹਨ ਪਰ ਵਿਸਾਖੀ ਦੀ ਆਪਣੀ ਵੱਖਰੀ ਹੀ ਪਛਾਣ ਹੈ। ਤਿਉਹਾਰ ਕਿਸੇ ਦੇਸ਼ ਜਾਂ ਕੌਮ ਦਾ ਧਾਰਮਿਕ ਜਾਂ ਇਤਿਹਾਸਕ ਵਿਰਸਾ ਹੁੰਦਾ ਹੈ। ਪਰੰਤੂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਧਾਰਮਿਕ ਹੈ, ਇਤਿਹਾਸਕ ਵੀ ਹੈ ਅਤੇ ਆਰਥਿਕ ਵੀ ਹੈ।

ਆਰਥਿਕ ਪੱਖ ਵਿਚਾਰੀਏ ਤਾਂ ਸਾਡੇ ਜਿਹਨ ਵਿਚ ਸ਼ਰਬਤੀ ਦਾਨਿਆਂ ਨਾਲ ਲੱਦੀਆਂ ਕਣਕਾਂ ਝੂਮਦੀਆਂ ਦਿਸਦੀਆਂ ਹਨ। ਕਿਸਾਨ ਦੀ ਛੇ ਮਹੀਨਿਆਂ ਦੀ ਮਿਹਨਤ ਨਾਲ ਪੁੱਤਾਂ ਵਾਂਗ ਪਾਲੀਆਂ ਇਹ ਕਣਕਾਂ ਕਟਾਈ ਲਈ ਤਿਆਰ ਹੁੰਦੀਆਂ ਹਨ। ਕਿਸਾਨ ਦੀਆਂ ਅੱਖਾਂ ਵਿਚ ਸਜੋਏ ਉਦਾਸ ਜਿਹੇ ਖੁਸ਼ੀਆਂ ਭਰੇ ਸੁਪਨੇ ਪੂਰੇ ਹੋਣ ਦਾ ਵੇਲਾ ਆ ਗਿਆ ਹੁੰਦਾ ਹੈ। ਮਸ਼ੀਨੀ ਯੁੱਗ ਕਰਕੇ ਕਣਕਾਂ ਦੀ ਕਟਾਈ-ਗਹਾਈ ਸਿਰਫ ਕੁਝ ਦਿਨਾਂ ਵਿਚ ਹੀ ਪੂਰੀ ਹੋ ਜਾਂਦੀ ਹੈ। ਕਈ ਵਾਰ ਕਿਸਾਨ ਆੜ੍ਹਤੀਆਂ ਨਾਲ ਹਿਸਾਬ ਕਰਕੇ ਖਾਲੀ ਪੱਲਾ ਝਾੜਦਾ ਘਰ ਆ ਜਾਂਦਾ ਹੈ। ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਆਪਣੇ ਬੱਚਿਆਂ ਦਾ ਢਿੱਡ ਵੀ ਨਹੀਂ ਭਰ ਸਕਦਾ। ਕਰਜਾਈ ਕਿਸਾਨ ਦੇ ਪੈਰ ਕਿਵੇਂ ਢੋਲ ਦੇ ਡਗੇ ਤੇ ਥਿਰਕਣਗੇ। ਜਿਹੜੇ ਕਿਸਾਨ ਕਰਜੇ ਦੀ ਮਾਰ ਨਾ ਝੱਲਦੇ ਹੋਏ ਖੁਦਕੁਸ਼ੀਆ ਕਰ ਗਏ ਉਨ੍ਹਾ ਵਾਸਤੇ ਤਾਂ ਸਭ ਕੁਝ ਖਤਮ ਹੋ ਹੀ ਗਿਆਂ ਪਰ ਮਗਰ ਵਿਲਕਦੇ ਨਿਆਣਿਆ ਲਈ ਵੀ ਵਿਸਾਖੀ ਦੀ ਕਾਹਦੀਆਂ ਖੁਸ਼ੀਆਂ। ਨਸ਼ਿਆਂ ਦੀ ਮਾਰ ਹੇਠ ਰੁੜ ਰਹੀ ਜਵਾਨੀ, ਬੇਰੁਜ਼ਗਾਰੀ, ਕੁਰੱਪਸ਼ਨ ਤੇ ਧੀਆਂ ਭੈਣਾਂ ਦੀਆਂ ਲੁਟੀਆਂ ਜਾ ਰਹੀਆਂ ਇੱਜ਼ਤਾਂ! ਅਜਿਹੇ ਹਾਲਾਤਾਂ ਵਿੱਚ ਵਿਸਾਖੀਆ ਦੇ ਮੇਲੇ ਨਹੀਂ ਸੋਭਦੇ ਸਗੋਂ ਵਿਸਾਖੀ ਦੇ ਦੂਸਰੇ ਪੱਖ ਤੇ ਪਹਿਰਾ ਦੇਣ ਦੀ ਲੋੜ ਹੈ। ਉਹ ਪੱਖ ਜਿਹੜਾ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਿਖਾਇਆ ਸੀ।

ਵਿਸਾਖੀ ਦਾ ਦੂਜਾ ਪੱਖ ਧਾਰਮਿਕ ਹੈ। ਇਸੇ ਹੀ ਦਿਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਾਣੀ ਤੇ ਲਿਤਾੜੀ ਹੋਈ ਕੌਮ ਨੂੰ ਅੰਮ੍ਰਿਤ ਛਕਾ ਪਾਹੁਲ ਪਿਲਾ ਕੇ ਗਿਦੜੋਂ ਸ਼ੇਰ ਬਣਾ ਦਿੱਤਾ। ਪੰਜ ਪਿਆਰੇ ਸਾਜ ਕੇ ਕੌਮ ਨੂੰ ਇਕ ਵਿਲੱਖਣ ਸ਼ਾਨ ਦਿੱਤੀ। ਇਹ ਪੰਜੇ ਸਿੰਘ ਵੱਖ-ਵੱਖ ਜਾਤਾਂ ਵਿਚੋਂ ਅਤੇ ਵੱਖ-ਵੱਖ ਪ੍ਰਾਂਤਾਂ ਵਿਚ ਲੈ ਕੇ ਕੌਮ ਨੂੰ ਨਵੀਂ ਸੇਧ ਦਿੱਤੀ। ਗੁਰੂ ਜੀ ਨੇ ਜਾਤ-ਪਾਤ ਅਤੇ ਪ੍ਰਾਂਤਾਂ ਨੂੰ ਇਕੋ ਰੂਪ ਕਰ ਦਿੱਤਾ। ਸਿੰਘ ਬਣਾ ਦਿੱਤੇ ਇਥੇ ਹੀ ਬਸ ਨਹੀਂ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬੇਨਤੀ ਕਰਕੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਸ ਤਰ੍ਹਾਂ ਗੁਰੂ-ਚੇਲੇ ਦੇ ਭੇਦ ਨੂੰ ਵੀ ਖਤਮ ਕਰ ਦਿੱਤਾ। ਇਸ ਤਰ੍ਹਾਂ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਪਰ ਅੱਜ ਅਸੀਂ ਇਨ੍ਹਾਂ ਅਸੂਲਾਂ ਤੋਂ ਮੁਨਕਰ ਹੋ ਕੇ ਫਿਰ ਜਾਤਾਂ ਪਾਤਾਂ ਵਿਚ ਵੰਡੇ ਗਏ ਹਾਂ। ਇਥੋਂ ਤੱਕ ਕਿ ਗੁਰਦੁਆਰਿਆਂ ਮੰਦਰਾਂ ਆਦਿ ਦੇ ਨਾਂ ਵੀ ਧਰਮਾਂ-ਜਾਤਾਂ-ਪਾਤਾਂ ਦੇ ਨਾਂ ਤੇ ਰੱਖ ਲਏ ਹਨ। ਜਿਵੇਂ ਇਹ ਰਾਮਗੜ੍ਹੀਆਂ ਦਾ ਗੁਰਦੁਆਰਾ ਹੈ, ਇਹ ਰਾਮਦਾਸੀਆਂ ਦਾ ਗੁਰਦੁਆਰਾ ਹੈ ਅਤੇ ਇਹ ਟਾਂਕਸ਼ਤਰੀਆਂ ਦਾ ਹੈ। ਅਸੀਂ ਵਿਸਾਖੀ ਦੇ ਮਹੱਤਵ ਨੂੰ ਵੀ ਤਾਂ ਸਮਝ ਸਕਦੇ ਹਾਂ ਜੇਕਰ ਅਸੀਂ ਜਾਤ-ਪਾਤ ਤੋਂ ਉੱਪਰ ਉਠ ਕੇ ਰਲ ਕੇ ਦਿਲੋਂ ਇਕ ਹੋ ਕੇ ਇਸ ਤਿਉਹਾਰ ਨੂੰ ਮਨਾਈਏ।

ਇਸ ਦਾ ਇਕ ਮਹੱਤਵ ਇਤਿਹਾਸਕ ਹੈ। ਇਤਫਾਕ ਨਾਲ ਇਸੇ ਹੀ ਦਿਨ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਮਾਸੂਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਸੀ। ਇਸ ਘਟਨਾ ਦੀ ਕਲਪਨਾ ਕਰਕੇ ਇਨਸਾਨੀ ਰੂਹ ਕੰਬ ਉੱਠਦੀ ਹੈ। ਉਹ ਰਾਜ ਕਰਨ ਦੀ ਖਾਤਰ ਲੋਕਾਂ ਤੇ ਅੱਤਿਆਚਾਰ ਕਰਦੇ ਰਹੇ। ਜੇ ਅੱਜ ਅਸੀਂ ਆਪਣੇ ਹੀ ਦੇਸ਼ ਵਿਚ ਝਾਤ ਮਾਰਦੇ ਹਾਂ ਤਾਂ ਉਸ ਤੋਂ ਵੀ ਘਿਨਾਉਣੇ ਕਾਰੇ ਹੋ ਰਹੇ ਹਨ। ਕਿਸੇ ਰੇਲ ਗੱਡੀਆਂ ਨੂੰ ਅੱਗਾਂ ਲਾ ਕੇ ਬੇਮਸੂਮਾਂ ਨੂੰ ਜਲਾਇਆ ਜਾ ਰਿਹਾ ਹੈ ਤੇ ਕਿਸੇ ਬਦਲਾ ਲੈਣ ਲਈ ਛੁਰਿਆਂ-ਹਥਿਆਰਾਂ ਨਾਲ ਇਕੋ ਦਿਨ ਵਿਚ ਸੈਂਕੜੇ ਆਦਮੀ ਕਤਲ ਕੀਤੇ ਜਾ ਰਹੇ ਹਨ। ਜਾਇਦਾਦਾਂ ਫੂਕੀਆਂ ਜਾ ਰਹੀਆਂ। ਅੱਜ ਮਨੁੱਖਤਾ ਬਾਰੇ ਸੋਚਣ ਦੀ ਲੋੜ ਹੈ। ਹੰਕਾਰ ਨੂੰ ਸਾੜਨ ਦੀ ਲੋੜ ਹੈ ਨਫ਼ਰਤ ਨੂੰ ਕਤਲ ਕਰਨ ਦੀ ਲੋੜ ਹੈ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 1 | Issue Date 20-4-2016

Chief Editor : Bhawandeep Singh Purba

Vice-Chief Editor : Bhagwanti Purba

Editor in Canada : Bhajan Singh Bahmba

Online Editor : Kamaljeet Singh Purba

Legal Advisior : Advocate Nasib Bawa

## ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂੰਹ ਪੰਜਾਬੀ ਪਾਠਕਾਂ ਨੂੰ ਅਦਾਰਾ 'ਮਹਿਕ ਵਤਨ ਦੀ ਲਾਈਵ' ਵੱਲੋਂ ਵਿਸਾਖੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ !

## 'ਮਹਿਕ ਵਤਨ ਦੀ ਲਾਈਵ' ਲਈ ਪੱਤਰਕਾਰਾਂ ਦੀ ਜ਼ਰੂਰਤ

'ਮਹਿਕ ਵਤਨ ਦੀ ਲਾਈਵ' ਮਾਸਿਕ ਅੰਤਰ-ਰਾਸ਼ਟਰੀ ਪੰਜਾਬੀ ਪੇਪਰ ਹੈ ਜੋ ਪ੍ਰਿੰਟ ਹੋਣ ਦੇ ਨਾਲ-ਨਾਲ ਇੰਟਰਨੈਟ ਤੇ ਸਾਰੀ ਦੁਨੀਆਂ ਵਿੱਚ ਪੜ੍ਹਿਆ ਜਾਂਦਾ ਹੈ। ਇਹ ਪੇਪਰ ਜਲੰਧਰ ਤੋਂ ਪ੍ਰਿੰਟ ਹੁੰਦਾ ਹੈ ਅਤੇ ਮੋਗਾ 'ਪੰਜਾਬ' ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿਚਲਾ ਸਾਰਾ ਮੈਟਰ ਵੱਖ-ਵੱਖ ਪਹਿਲੂਆਂ ਦੇ ਅਧਾਰਿਤ ਹੈ। ਇਸ ਵਿਚ ਲੋਕਲ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਬਰਾਂ ਤੋਂ ਇਲਾਵਾ ਧਰਮ ਤੇ ਵਿਰਸਾ, ਪੰਜਾਬੀ ਵਿਰਸਾ, ਕੌਮਾਂਤਰੀ ਮੰਚ, ਖਬਰਨਾਮਾ, ਫ਼ਿਲਮ ਐਂਡ ਸੰਗੀਤ, ਸਿਆਸੀ ਸੱਥ, ਘਰ-ਪਰਿਵਾਰ, ਖੇਡ ਜਗਤ, ਬੱਚਿਆਂ ਦੀ ਦੁਨੀਆਂ, ਪੰਜਾਬੀ ਸਾਹਿਤ ਆਦਿ ਮੁੱਖ ਕਾਲਮ ਹਨ।

'ਮਹਿਕ ਵਤਨ ਦੀ ਲਾਈਵ' ਦੀ ਨਵੀਂ ਪ੍ਰਕਾਸ਼ਨਾਂ ਲਈ ਹਰ ਸਹਿਰ ਤੋਂ ਪੱਤਰਕਾਰਾਂ ਦੀ ਅਤੇ ਹਰ ਜ਼ਿਲ੍ਹੇ ਤੋਂ ਜ਼ਿਲ੍ਹਾ ਇੰਚਾਰਜ ਦੀ ਅਤੇ ਬਾਹਰਲੇ ਪ੍ਰਾਂਤਾਂ (ਸਟੇਟ) ਤੋਂ ਸਟੇਟ ਇੰਚਾਰਜ ਦੀ ਜ਼ਰੂਰਤ ਹੈ। ਜੇਕਰ ਤੁਸੀਂ ਪੱਤਰਕਾਰੀ ਦੇ ਖੇਤਰ ਵਿਚ 'ਮਹਿਕ ਵਤਨ ਦੀ ਲਾਈਵ' ਅਦਾਰੇ ਦੇ ਨਾਲ ਜੁੜਨਾ ਚਾਹੁੰਦੇ ਹੋ ਤਾਂ ਆਪ ਜੀ ਦਾ ਹਾਰਦਿਕ ਸਵਾਗਤ ਕਰਦੇ ਹਾਂ। ਪੱਤਰਕਾਰੀ ਲੈਣ ਲਈ ਆਪਣਾ ਬਾਇਓਡਾਟਾ ਉਪਰੋਕਤ ਦਿੱਤੇ ਪਤੇ ਤੇ ਭੇਜ ਸਕਦੇ ਹੋ। 'ਮਹਿਕ ਵਤਨ ਦੀ ਲਾਈਵ' ਪੇਪਰ ਦੀ ਪੱਤਰਕਾਰੀ ਲਈ ਅਤੇ 'ਮਹਿਕ ਵਤਨ ਦੀ' ਗਰੁੱਪ ਦੀ ਮੈਂਬਰਸ਼ਿਪ ਲੈਣ ਬਾਰੇ ਪੂਰੀ ਡਿਟੇਲ (ਪ੍ਰਾਸਪੈਕਟ) ਮੰਗਵਾਉਣ ਲਈ 'ਮਹਿਕ ਵਤਨ ਦੀ' ਦੇ ਨਾਮ ਤੇ 500/- ਰੁਪਏ ਦਾ ਚੈਕ, ਡ੍ਰਾਫਟ ਜਾਂ ਮਨੀਆਰਡਰ ਭੇਜੋ। ਤੁਸੀਂ ਡਿਟੇਲ (ਪ੍ਰਾਸਪੈਕਟ) ਮੰਗਵਾਉਣ ਲਈ ਆਪਣੀ ਰਕਮ ਕਾਰਪੋਰੇਸ਼ਨ ਬੈਂਕ ਦੀ ਕਿਸੇ ਵੀ ਬ੍ਰਾਂਚ ਵਿੱਚ 'ਮਹਿਕ ਵਤਨ ਦੀ' ਦੇ ਨਾਮ ਤੇ A.C. No. CA – 066400201000066 / MEHAK WATTAN DI ਵਿੱਚ ਵੀ ਜਮ੍ਹਾ ਕਰਵਾ ਸਕਦੇ ਹੋ। ਅਕਾਊਂਟ ਵਿੱਚ ਰਕਮ ਜਮ੍ਹਾ ਕਰਵਾਉਣ ਉਪਰੰਤ ਸਾਨੂੰ ਦੱਸੋ। ਤੁਹਾਡੀ ਐਂਟਰੀ ਹੋਣ ਉਪਰੰਤ ਤੁਹਾਨੂੰ 'ਮਹਿਕ ਵਤਨ ਦੀ' ਵੱਲੋਂ ਰਕਮ ਪ੍ਰਾਪਤੀ ਦੀ ਰਸੀਦ ਅਤੇ ਡਿਟੇਲ (ਪ੍ਰਾਸਪੈਕਟ) ਭੇਜ ਦਿੱਤਾ ਜਾਵੇਗਾ।

ਲੇਖਕ ਭੈਣ ਭਰਾ ਆਪਣੀਆਂ ਰਚਨਾਵਾਂ 'ਮਹਿਕ ਵਤਨ ਦੀ ਲਾਈਵ' ਵਾਸਤੇ ਭੇਜ ਸਕਦੇ ਹਨ। ਪੇਪਰ ਲਗਵਾਉਣ ਲਈ ਚੰਦਾ 200/- ਸਲਾਨਾ ਦੇ ਹਿਸਾਬ ਨਾਲ ਭੇਜਿਆ ਜਾ ਸਕਦਾ ਹੈ। ਚੰਦਾ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ ਭੇਜਿਆ ਜਾ ਸਕਦਾ ਹੈ ਜਾਂ ਆਪਣਾ ਚੰਦਾ ਕਾਰਪੋਰੇਸ਼ਨ ਬੈਂਕ ਦੀ ਕਿਸੇ ਵੀ ਬ੍ਰਾਂਚ ਵਿੱਚ 'ਮਹਿਕ ਵਤਨ ਦੀ' ਦੇ ਨਾਮ ਤੇ A.C. No. CA – 066400201000066 / MEHAK WATTAN DI ਵਿੱਚ ਵੀ ਜਮ੍ਹਾ ਕਰਵਾ ਸਕਦੇ ਹੋ। ਅਕਾਊਂਟ ਵਿੱਚ ਚੰਦਾ ਜਮ੍ਹਾਂ ਕਰਵਾ ਕੇ ਫੋਨ, ਵਟਸਐਪ ਜਾ ਈ-ਮੇਲ ਰਾਹੀਂ ਸਾਨੂੰ ਸੂਚਿਤ ਕਰੋ। ਤੁਹਾਡੇ ਚੰਦੇ ਦੀ ਐਂਟਰੀ ਹੋਣ ਉਪਰੰਤ ਤੁਹਾਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਆਉਣਾ ਸ਼ੁਰੂ ਹੋ ਜਾਵੇਗਾ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ**

ਰਜਿ. ਆਫਿਸ: 1195, ਅਜੀਤ ਨਗਰ ਮੋਗਾ- 142 001 (ਪੰਜਾਬ) ਭਾਰਤ

ਈ-ਮੇਲ: mehakwattandi@rediffmail.com

Help Line: (+91) 9988 92 9988

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।